**ਦਫ਼ਤਰ ਡਾਇਰੈਕਟਰ, ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ, ਬਲਾਕ-ਈ, ਛੇਵੀਂ ਮੰਜ਼ਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ ਮੋਹਾਲੀ**
**ਫੋਨ ਨੰ: 0172-2212221**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:)
ਸਮੂਹ ਪ੍ਰਿੰਸੀਪਲ ਡਾਇਟਜ,
ਸਮੂਹ ਸਕੂਲ ਮੁੱਖੀ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ।

ਮੀਮੋ ਨੰ: 5/26-208/2019/365894 ਮਿਤੀ: 28-10-2019

**ਵਿਸ਼ਾ:-ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਉਤਸਵ ਨੂੰ ਸਮਰਪਿਤ 'ਗਿਆਨ ਉਤਸਵ' ਮਿਤੀ 21 ਨਵੰਬਰ 2019 ਤਹਿਤ ਵਿਦਿਅਕ ਮੁਕਾਬਲੇ ਕਰਵਾਉਣ ਸੰਬੰਧੀ।**

1.0 **ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।**

2.0 ਉਪਰੋਕਤ ਵਿਸ਼ੇ ਸਬੰਧੀ ਜਿਵੇ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਦੁਨੀਆਂ ਭਰ ਵਿੱਚ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਸਕੂਲ ਸਿੱਖਿਆ ਵਿਭਾਗ, ਪੰਜਾਬ ਵੱਲੋਂ ਸ਼੍ਰੀ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਹਰ ਸਾਲ ਰਾਜ ਦੇ ਸਮੂਹ ਸਕੂਲਾਂ ਵਿੱਚ "ਗਿਆਨ ਉਤਸਵ" (ਅਕਾਦਮਿਕ ਮੁਕਾਬਲੇ) ਕਰਵਾਉਣ ਦਾ ਸੰਕਲਪ ਕੀਤਾ ਹੈ।

3.0 ਜਿਸ ਤਹਿਤ ਮਿਤੀ 21-11-2019 ਨੂੰ ਰਾਜ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ 6ਵੀਂ ਤੋਂ 12ਵੀਂ ਤੱਕ ਦੇ ਵਿਦਿਆਰਥੀਆਂ ਲਈ ਵੱਖ-2 ਪੱਧਰ ਤੇ ਹੇਠ ਦਰਜ ਸ਼ਡਿਊਲ ਅਨੁਸਾਰ ਸਕੂਲ ਪੱਧਰ ਤੇ ਮੁਕਾਬਲੇ ਕਰਵਾਏ ਜਾਣਗੇ ਜਿਸ ਵਿੱਚ 6ਵੀਂ ਤੋਂ 12ਵੀਂ ਤੱਕ ਦੇ ਵਿਦਿਆਰਥੀ ਭਾਗ ਲੈਣਗੇ।

4.0 ਇਹ ਮੁਕਾਬਲੇ ਸਕੂਲ ਪੱਧਰ ਤੇ ਸਕੂਲ ਮੁੱਖੀ ਦੀ ਦੇਖ-ਰੇਖ ਵਿੱਚ ਕਰਵਾਏ ਜਾਣੇ ਹਨ। ਜੋ ਕਿ ਲੱਗ-ਭੱਗ ਸਾਰੇ ਵਿਸ਼ਿਆਂ ਨਾਲ ਸਬੰਧਤ ਹਨ ਜਿਸ ਵਿੱਚ ਭਾਗ ਲੈਣ ਲਈ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ ਜਾਵੇ ਤਾਂ ਜੋ ਇਸ ਦਾ ਭਰਪੂਰ ਫਾਇਦਾ ਵਿਦਿਆਰਥੀਆਂ ਨੂੰ ਪਹੁੰਚ ਸਕੇ।

5.0 **ਅਧਿਆਪਕਾਂ ਵੱਲੋਂ ਉਕਤ ਦਰਜ ਮੁਕਾਬਲਿਆਂ ਤੋਂ ਪਹਿਲਾਂ ਸਕੂਲ ਪੱਧਰ 'ਤੇ ਹਰ ਰੋਜ਼ ਸਾਰੇ ਵਿਦਿਆਰਥੀਆਂ ਦੀ ਤਿਆਰੀ ਜ਼ਰੂਰ ਕਰਵਾਈ ਜਾਵੇ। ਨਿਰਧਾਰਿਤ ਕੀਤੇ ਮਾਪਦੰਡ ਅਨੁਸਾਰ ਹਰੇਕ ਵਿਦਿਆਰਥੀ ਦਾ ਸਕੂਲ ਪੱਧਰ 'ਤੇ ਭਾਗ ਲੈਣਾ ਲਾਜ਼ਮੀ ਹੋਵੇਗਾ।**

6.0 **ਇਹ ਮੁਕਾਬਲੇ ਦਿੱਤੇ ਗਏ ਸ਼ਡਿਊਲ ਅਨੁਸਾਰ ਹੀ ਕਰਵਾਏ ਜਾਣ। ਮੁਕਾਬਲਿਆਂ ਨੂੰ ਕਰਵਾਉਣ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ), ਡਾਇਟ ਪ੍ਰਿੰਸੀਪਲਜ, ਡੀ.ਐਮ/ਬੀ.ਐਮ ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ ਟੀਮ ਮਿਲ ਕੇ ਪੂਰਨ ਯੋਜਨਾਬੰਦੀ ਤਹਿਤ ਕੰਮ ਕਰਨਗੇ।**

7.0 **ਸਾਰੀਆਂ ਜਮਾਤਾਂ ਦੇ ਵਿਦਿਆਰਥੀਆਂ ਦੇ ਕਰਵਾਏ ਜਾਣ ਵਾਲੇ ਮੁਕਾਬਲਿਆਂ ਵਿੱਚ ਸੁਮਦਾਇ ਦੀ ਭਾਗੀਦਾਰੀ ਲਈ ਮੁਕਾਬਲਿਆਂ ਸਬੰਧੀ ਵਿਦਿਆਰਥੀਆਂ ਦੇ ਮਾਪਿਆਂ ਅਤੇ ਹੋਰ ਪਤਵੰਤੇ ਸੱਜਣਾਂ ਨੂੰ ਅਗੇਤ ਸੂਚਨਾਂ ਦਿੱਤੀ ਜਾਵੇ ।**

8.0 **ਸਕੂਲ ਪੱਧਰੀ ਮੁਕਾਬਲੇ ਜਮਾਤਵਾਰ ਕਰਵਾਏ ਜਾਣੇ ਹਨ, ਇਸ ਲਈ ਹਰ ਜਮਾਤ/ਮੁਕਾਬਲੇ ਵਿੱਚੋਂ ਪਹਿਲੇ ਤਿੰਨ ਸਥਾਨਾਂ 'ਤੇ ਆਉਣ ਵਾਲੇ ਵਿਦਿਆਰਥੀਆਂ ਦਾ ਇਨਾਮ-ਸਨਮਾਨ ਕੀਤਾ ਜਾਵੇ।**

9.0 **ਕਰਵਾਏ ਜਾਣ ਵਾਲੇ ਮੁਕਾਬਲਿਆਂ ਨਾਲ ਸਬੰਧਿਤ ਵਿਦਿਆਰਥੀ/ਅਧਿਆਪਕਾਂ ਦੇ ਰਿਕਾਰਡ ਨੂੰ ਹਰ ਪੱਧਰ 'ਤੇ ਸੰਭਾਲ ਕੇ ਜ਼ਰੂਰ ਰੱਖਿਆ ਜਾਵੇ।**

10.0 **ਮੁਕਾਬਲਿਆਂ ਵਿੱਚ ਕਾਰਗੁਜ਼ਾਰੀ ਦਿਖਾਉਣ ਵਾਲੇ ਅਧਿਆਪਕਾਂ/ਵਿਦਿਆਰਥੀਆਂ ਦੀਆਂ ਵੀਡਿਓਜ਼ ਸੋਸ਼ਲ ਮੀਡੀਆ ਗਰੁੱਪਾਂ ਵਿੱਚ ਜ਼ਰੂਰ ਸ਼ੇਅਰ ਕੀਤੀਆਂ ਜਾਣ।**

11.0 ਇਸ ਸਬੰਧੀ ਮੁੱਖ ਦਫਤਰ ਵੱਲੋਂ ਕੁੱਝ ਗਾਈਡ ਲਾਇਨਜ ਤਿਆਰ ਕੀਤੀਆਂ ਗਈਆਂ ਹਨ ਜੋ ਕਿ ਹੇਠ ਲਿਖੇ ਅਨੁਸਾਰ ਹਨ :-

## 'ਗਿਆਨ ਉਤਸਵ' ਮੁਕਾਬਲਿਆਂ ਦੀ ਸਾਰਨੀ

| ਲੜੀ ਨੰ. | ਵਿਸ਼ਾ | ਗਤੀਵਿਧੀ | ਸਮਾਂ | ਭਾਗ ਲੈਣ ਵਾਲੇ ਵਿਦਿਆਰਥੀ | ਸਮਾਂ ਕਾਲ | ਵਿਸ਼ੇਸ਼ ਕਥਨ |
|---|---|---|---|---|---|---|
| 1 | ਪੰਜਾਬੀ | 1. ਬੋਲ ਲਿਖਤ | 10 ਮਿੰਟ | 6ਵੀਂ ਤੋਂ 8ਵੀਂ | 09.10 ਤੋਂ 10.00 (ਸਵੇਰੇ) | ਸਵੇਰ ਦੀ ਸਭਾ ਤੋ ਤੁਰੰਤ ਬਾਅਦ ਸਮੂਹ ਅਧਿਆਪਕਾਂ ਦੁਆਰਾ ਪੰਜਾਬੀ ਦੇ ਬੋਲ ਲਿਖਤ / ਮੌਲਿਕ ਲਿਖਤ ਦੇ ਮੁਕਾਬਲੇ ਕਰਵਾਏ ਜਾਣ ਜਿਸ ਦੀ ਯੋਜਨਾਬੰਦੀ ਸਕੂਲ ਮੁੱਖੀ ਦੁਆਰਾ ਆਪਣੇ ਪੱਧਰ ਤੇ ਕਰ ਲਈ ਜਾਵੇ। ਇਸ ਦੀ ਵਿਸਥਾਰਿਤ ਹਦਾਇਤਾਂ |
| | | 2. ਮੌਲਿਕ ਲਿਖਤ (ਅਨੁਲੱਗ ੳ ਤੇ ਦਰਜ ਲਿਸਟ ਵਿਚੋਂ ਕਿਸੇ ਇੱਕ ਵਿਸ਼ੇ ਤੇ ਅਧਾਰਿਤ) | 30 ਮਿੰਟ | 6ਵੀਂ ਤੋਂ 8ਵੀਂ (ਵੱਧ ਤੋਂ ਵੱਧ 200 ਸ਼ਬਦ ਤੱਕ) | | |
| | | | 40 ਮਿੰਟ | 9ਵੀਂ-12ਵੀਂ ( 300- 500 ਸ਼ਬਦ ਤੱਕ | | |
| 2 | ਸਾਇੰਸ | ਈਕੋ ਕਲੱਬ ਅਧੀਨ ਅਨੁਲੱਗ-ਅ ਤੇ ਦਰਜ ਵਿਸ਼ਿਆਂ ਤੇ ਅਧਾਰਿਤ ਵਿਦਿਆਰਥੀਆਂ ਦੁਆਰਾ ਤਿਆਰ ਕੀਤੇ ਹੋਏ ਚਾਰਟ/ਮਾਡਲਜ ਦੀ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਜਾਵੇ। | 20-30 ਮਿੰਟ | 6ਵੀਂ ਤੋਂ 8ਵੀਂ | 10.00 ਤੋਂ 10.30 (ਸਵੇਰੇ) | ਇਸ ਪ੍ਰਦਰਸ਼ਨੀ ਨੂੰ ਸਕੂਲ ਦੇ ਸਮੂਹ ਵਿਦਿਆਰਥੀ ਦੇਖ ਸਕਦੇ ਹਨ ਅਤੇ ਪਰਦਰਸ਼ਨੀ ਵਿੱਚ ਚੌਣਵੇ ਮਾਡਲ/ਚਾਰਟ ਤਿਆਰ ਕਰਨ ਵਾਲੇ ਵਿਦਿਆਰਥੀਆਂ ਨੂੰ ਉਤਸਾਹਿਤ ਕਰਨ ਲਈ ਇਨਾਮ ਦਿੱਤੇ ਜਾਣ। |
| 3 | **Comprehensive Achievement test** | Part 1:<br>**GK/Mental ability/Reasoning (40 questions)**<br>**Part 2:**<br>(ਹਰੇਕ ਜਮਾਤ ਲਈ )<br>Social Study (20 question)<br>English (20 question)<br>Math (20 question)<br>Science (20 question) | 120 marks Time allowed: 02 hours | 6ਵੀਂ ਤੋਂ 8ਵੀਂ ਅਤੇ 9ਵੀਂ ਤੋਂ 10ਵੀਂ | 10.30 ਤੋਂ 12.30 (ਬਾਅਦ ਦੁਪਹਿਰ) | ਇਸ ਪ੍ਰੀਖਿਆ ਸਬੰਧੀ ਹੋਰ ਹਦਾਇਤਾਂ ਅਨੁਲੱਗ-ੲ ਤੇ ਦਰਜ ਹਨ। |
| | | Part 1:<br>**GK/Mental ability/Reasoning (40 questions)**<br>**General English (20 questions)**<br>**General Punjabi(20 Questions)It will be Compulsory for all groups.**<br>Part 2:<br>**Optional subjects (ਹੇਠ ਲਿਖੇ ਵਿਸ਼ਿਆ ਵਿੱਚੋਂ ਵਿਦਿਆਰਥੀ ਆਪਣੀ ਮਰਜੀ ਨਾਲ ਕੋਈ 02 ਵਿਸ਼ਿਆ ਦੀ ਚੋਣ ਕਰੇਗਾ, ਜਿਸ ਵਿੱਚੋਂ ਹਰ ਵਿਸ਼ੇ ਦੇ 20 ਪ੍ਰਸ਼ਨ ਯਾਨੀ ਕਿ ਕੁਲ 40 ਪ੍ਰਸ਼ਨਾਂ ਦਾ ਉੱਤਰ ਦੇਣਾ ਹੋਵੇਗਾ)**<br>• History<br>• Political Science<br>• Economics<br>• Geography<br>• Biology<br>• Chemistry<br>• Physics<br>• Mathematics<br>• Accountancy<br>• Business Study<br>• Business Economics and Quantitative Method | 120 marks Time allowed: 02 hours | 11 ਵੀਂ ਤੋਂ 12 ਵੀਂ | 10.30 ਤੋਂ 12.30 (ਬਾਅਦ ਦੁਪਹਿਰ) | ਸਕੂਲ ਮੁੱਖੀ ਦੁਆਰਾ ਵੋਕੇਸ਼ਨਲ ਸਟ੍ਰੀਮ ਦੇ ਵਿਦਿਆਰਥੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਭਾਗ-2 ਲਈ ਆਪਣੇ ਪੱਧਰ ਤੇ 20-20 ਪ੍ਰਸ਼ਨਾਂ (ਕੁੱਲ-40 ਪ੍ਰਸ਼ਨਾਂ ) ਤੱਕ ਦਾ ਪ੍ਰਸ਼ਨ-ਪੱਤਰ ਤਿਅੌਰ ਕਰਕੇ ਵਿਦਿਆਰਥੀਆਂ ਦਾ ਟੈਸਟ ਲੈ ਲਿਆ ਜਾਵੇ। (ਅਨੁਲੱਗ-ੲ) |
| 4 | ਅਧਿਆਪਕਾਂ | ਸਕੂਲ ਅਧਿਆਪਕ ਵੀ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ | 20 ਮਿੰਟ | ਚਾਹਵਾਨ ਅਧਿਆਪਕ | 12.30 ਤੋਂ 12.50 | ਇਹ ਰਚਨਾਵਾਂ 200 ਤੋਂ 500 ਸ਼ਬਦਾ ਦੀ ਹੋ ਸਕਦੀਆਂ ਹਨ। |

| | | | | | | |
|---|---|---|---|---|---|---|
| | ਦੁਆਰਾ ਰਚਿਤ ਮੌਲਿਕ ਲਿਖਤ | ਸਬੰਧਤ ਸਿੱਖਿਆਵਾਂ ਅਤੇ ਉਪਦੇਸ਼ਾ ਤੇ ਅਧਾਰਿਤ ਮੌਲਿਕ ਲਿਖਤ ਲਿਖ ਸਕਦੇ ਹਨ। | | | (ਬਾਅਦ ਦੁਪਹਿਰ) | ਇਨ੍ਹਾਂ ਰਚਨਾਵਾਂ ਨੂੰ ਡੀ.ਐਮ ਮੈਥ ਰਾਹੀਂ ਇੱਕਤਰ ਕਰਕੇ ਜਿਲ੍ਹਾਵਾਰ ਸਰਵੋਤਮ ਦੋ ਰਚਨਾਵਾਂ ਸਟੇਟ ਪੱਧਰ ਤੇ ਭੇਜੀਆਂ ਜਾਣ। |
| 5 | ਗਣਿਤ ਅਤੇ ਸਾਇੰਸ | ਗਣਿਤ ਅਤੇ ਸਾਇੰਸ ਵਿਸ਼ੇ ਦਾ ਕੁਇਜ | 20 ਮਿੰਟ | 6 ਵੀਂ ਤੋਂ 8 ਵੀਂ | 1.10 ਤੋਂ 1.40 (ਬਾਅਦ ਦੁਪਹਿਰ) | ਸਾਇੰਸ ਅਤੇ ਮੈਥ ਬੀ.ਐਮ ਦੁਆਰਾ ਪਹਿਲਾਂ ਤੋਂ ਹੀ ਤਿਆਰ ਕੀਤੇ ਪ੍ਰਸ਼ਨਾਵਲੀ ਅਧਿਆਪਕ/ਸਕੂਲ ਮੁੱਖੀ ਨਾਲ ਸਾਂਝਾ ਕੀਤਾ ਜਾ ਸਕਦਾ ਹੈ ਜਿਸ ਦੇ ਆਧਾਰ ਸਾਇੰਸ/ਮੈਥ ਅਤੇ ਹੋਰ ਸਹਿਯੋਗੀ ਅਧਿਆਪਕਾਂ ਦੁਆਰਾ ਕੁਇਜ ਦਾ ਸੰਚਾਲਨ ਕੀਤਾ ਜਾ ਸਕਦਾ ਹੈ ਅਤੇ ਇਸ ਵਿਚੋਂ ਪਹਿਲਾਂ ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ (ਜਮਾਤਵਾਰ) ਵਿਦਿਆਰਥੀਆਂ ਨੂੰ ਇਨਾਮ ਦਿੱਤਾ ਜਾਵੇ। (ਅਨੁਲੱਗ-ਸ) |
| 6 | ਅੰਗ੍ਰੇਜ਼ੀ ਅਤੇ ਸਮਾਜਿਕ ਸਿੱਖਿਆ | • Dictation of the words of the days &Handwriting competition (short paragraph of 50 words will be given) | 10-20 ਮਿੰਟ | 6ਵੀਂ ਤੋਂ 12ਵੀਂ | 1.40 ਤੋਂ 2.40 (ਬਾਅਦ ਦੁਪਹਿਰ) | (ਅਨੁਲੱਗ-ਹ) |
| | | • Map (World/ India/ Punjab)as per syllabus, class wise competition | 10 -20 ਮਿੰਟ | | | |
| 7 | ਪੰਜਾਬੀ | ਪੰਜਾਬੀ ਇਕਾਂਗੀ (ਪੰਜਾਬੀ ਦੇ ਸਿਲੇਬਸ ਤੇ ਆਧਾਰਿਤ ਇਕਾਂਗੀਂ ਵਿੱਚੋਂ ਤਿਆਰ ਇਕਾਂਗੀ ਦਾ ਮੰਚਨ ਕੀਤਾ ਜਾਵੇ।) | 15-20 ਮਿੰਟ | 6ਵੀਂ ਤੋਂ 12ਵੀਂ | 2.40 ਤੋਂ 3.20 (ਬਾਅਦ ਦੁਪਹਿਰ) | ਕਿਸੇ ਵੀ ਚੋਣਵੀਂ ਇਕਾਂਗੀ ਦਾ ਮੰਚਨ ਸਮੂਹ ਵਿਦਿਆਰਥੀਆਂ ਦੇ ਸਨਮੁੱਖ ਕੀਤਾ ਜਾਵੇ। |

12.0 ਵਿਭਾਗ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਉਕਤ ਮੁਕਾਬਲਿਆਂ ਦੇ ਨਿਯਮਾਂ ਸਬੰਧੀ ਜੇਕਰ ਕੋਈ ਸੋਧ ਜਾਂ ਨਵੇਂ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਂਦੇ ਹਨ ਤਾਂ ਮੁਕਾਬਲੇ ਉਹਨਾਂ ਨਵੇਂ ਨਿਯਮਾਂ ਅਧੀਨ ਹੀ ਕਰਵਾਏ ਜਾਣਗੇ।

13.0 ਮੁਕਾਬਲਿਆਂ ਸਬੰਧੀ ਹਦਾਇਤਾਂ/ਨਿਯਮ (ਅਨੁਲੱਗ 'ੳ'-"ਹ") ਨੂੰ ਜਾਣਕਾਰੀ ਹਿੱਤ ਨਾਲ ਨੱਥੀ ਕੀਤਾ ਜਾਂਦਾ ਹੈ।

14.0 ਗਿਆਨ ਉਤਸਵ ਮੁਕਾਬਲਿਆਂ ਦੀ ਸਾਰਣੀ ਵਿੱਚ ਲੜੀ ਨੰ:3 ਤੇ Comprehensive Achievement Test ਦੇ ਪ੍ਰਸ਼ਨ ਪੱਤਰ ਦੀ ਸਾਫਟ ਕਾਪੀ ਮੁੱਖ ਦਫ਼ਤਰ ਵੱਲੋਂ ਭੇਜੀ ਜਾਵੇਗੀ।

15.0 ਮੁਕਾਬਲੇ ਕਰਵਾਉਣ ਲਈ ਫੰਡ ਵੱਖਰੇ ਪੱਤਰ ਰਾਹੀਂ ਜਲਦੀ ਹੀ ਭੇਜੇ ਜਾ ਰਹੇ ਹਨ। ਪ੍ਰਸ਼ਨ ਪੱਤਰਾਂ ਨੂੰ ਫੋਟੋਸਟੇਟ ਕਰਵਾਉਣ ਦਾ ਖਰਚਾ ਇਸ ਦਫ਼ਤਰ ਵੱਲੋਂ ਮੀਮੋ ਨੰ SCERT, QP/UP/2019359662 ਮਿਤੀ 21.10.2019 ਰਾਹੀਂ ਜਾਰੀ ਪੱਤਰ ਅਨੁਸਾਰ ਭੇਜੇ ਜਾ ਰਹੇ ਫੰਡਾਂ ਵਿੱਚੋਂ ਕੀਤਾ ਜਾ ਸਕਦਾ ਹੈ।

16.0 ਹਰ ਕਲਾਸ ਦੇ ਵਿੱਚੋਂ ਹਰ Category ਵਿੱਚ ਪਹਿਲੇ ਤਿੰਨ ਸਥਾਨ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਜਾਵੇ ਜਿਸਦਾ ਖਰਚਾ ਲੜੀ ਨੰ 15 ਵਿੱਚ ਦਰਸਾਏ ਗਏ ਫੰਡ ਵਿੱਚੋਂ ਕੀਤਾ ਜਾਵੇ।

17.0 ਹੁਕਮਾਂ ਦੀ ਇੰਨ੍ਹ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਨਾਲ ਨੱਥੀ: ਅਨੁਲੱਗ ੳ ਤੋਂ ਹ

ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।

ਪਿੱਠ ਅੰਕਣ ਨੰ: ਉਕਤ ਮਿਤੀ: ਉਕਤ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ.ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ
2. ਪੀ.ਏ.ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
3. ਪੀ.ਏ.ਟੂ ਡੀ.ਪੀ.ਆਈ. (ਸੈ.ਸਿੱ), ਪੰਜਾਬ।

ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।

ਅਨੁਲੱਗ-ੳ

## ਪੰਜਾਬੀ ਵਿਸ਼ੇ ਦੇ ਵਿਦਿਅਕ ਮੁਕਾਬਲਿਆਂ ਸੰਬੰਧੀ ਦਿਸ਼ਾ ਨਿਰਦੇਸ਼:

ਮੌਲਿਕ-ਲਿਖਤ ਮੁਕਾਬਲਾ -

| | |
|---|---|
| 1) ਸ੍ਰੀ ਗੁਰੂ ਨਾਨਕ ਦੇਵ ਫਲਸਫਾ, ਜੀਵਨ ਜਾਂਚ ਅਤੇ ਉਦੇਸ਼ | 2) ਮਾਂਵਾਂ ਠੰਢੀਆਂ ਛਾਵਾਂ |
| 3) ਮਨਪਸੰਦ ਰੁੱਖ | 4) ਵੱਡਿਆਂ ਦਾ ਸਤਿਕਾਰ |
| 5) ਪ੍ਰਦੂਸ਼ਣ ਅਤੇ ਖੇਤੀਬਾੜੀ/ ਪ੍ਰਦੂਸ਼ਣ ਅਤੇ ਆਵਾਜਾਈ ਦੇ ਸਾਧਨ/ ਪ੍ਰਦੂਸ਼ਣ ਅਤੇ ਸੁੱਖ ਸੁਵਿਧਾ | 6) ਸਮਾਜਿਕ ਬੁਰਾਈਆਂ |
| 7) ਨਸ਼ੇ ਅਤੇ ਨੌਜਵਾਨ | 8) ਵਿਦੇਸਾਂ ਵੱਲ ਵਧਦਾ ਰੁਝਾਨ |
| 9) ਮਨ ਦੀ ਖੁਸ਼ੀ | 10) ਪੰਜਾਬੀ ਸੱਭਿਆਚਾਰ |
| 11) ਪਿੰਡ ਦੀ ਸਵੇਰ | 12) ਚੰਗੀ ਸਿਹਤ |
| 13) ਜੀਵਨ ਦੀ ਕੋਈ ਮਿੱਠੀ ਯਾਦ | 14) ਮਨਪਸੰਦ ਸਾਹਿਤ ਰਚਨਾ ਅਤੇ ਸਾਹਿਤਕਾਰ |
| 15) ਮਾਂ ਬੋਲੀ ਨੂੰ ਭੁੱਲ ਜਾਵੋਗੇ ਕੱਖਾਂ ਵਾਂਗੂ ਰੁੱਲ ਜਾਵੋਗੇ। | 16) ਜੇ ਮੈਂ ਲੇਖਕ/ ਡਾਕਟਰ/ ਅਧਿਆਪਕ / ਚਿੱਤਰਕਾਰ ਹੋਵਾਂ |
| 17) ਲਾਇਬ੍ਰੇਰੀ ਵਿੱਚ ਬਿਤਾਇਆ ਪਹਿਲਾ ਦਿਨ | 18) ਬਜਾਰੂ ਖਾਣਾ ਕਿੰਨਾਂ ਸਵਾਦੀ ਅਤੇ ਕਿੰਨ੍ਹਾਂ ਨੁਕਸਾਨ ਦਾਇਕ |
| 19) ਜੇਕਰ ਮੈਂ ਪਿੰਡ ਦਾ ਸਰਪੰਚ ਹੋਵਾਂ | 20) ਪਾਣੀ, ਕੁਦਰਤ ਦਾ ਬਿਹਤਰੀਨ ਤੋਹਫਾ |
| 21) ਨਰੋਈ ਹਵਾ | 22) 2050 ਵਿੱਚ ਪੰਜਾਬ |
| 23) ਤਿਉਹਾਰ ਦੌਰਾਨ ਬੇਲੋੜੇ ਖਰਚੇ ਕਰਨ ਦਾ ਰੁਝਾਨ | 24) ਮੇਰਾ ਲਿਖਤ ਦਾ ਮਨਪਸੰਦ ਵਿਸ਼ਾ |
| 25) ਜਦੋਂ ਮੈਂ ਆਪਣੀ ਮਨਪਸੰਦ ਖੇਡ ਟੀਮ ਵਿੱਚ ਚੁਣਿਆ ਗਿਆ | 26) ਅਖਬਾਰ ਵਿੱਚ ਮੇਰਾ ਮਨਪਸੰਦ ਪੰਨਾ |
| 27) ਜਲ੍ਹਿਆ ਵਾਲਾ ਬਾਗ | 28) ਦੇਸ ਪਿਆਰ |
| 29) ਭਰੂਣ ਹੱਤਿਆ ਤੇ ਦਹੇਜ ਪ੍ਰਥਾ | 30) E-Content ਮੇਰਾ content |
| 31)ਮੇਰੇ ਸਕੂਲ ਦਾ ਪੁਸਤਕ ਲੰਗਰ | 32) ਅਲੋਪ ਹੋ ਰਹੇ ਪੰਜਾਬੀ ਸ਼ਬਦ |
| 33)ਮੇਰੇ ਸਕੂਲ ਦੀ ਸਵੇਰ ਦੀ ਸਭਾ | 34) ਮੇਰਾ ਸੋਹਣਾ ਸਰਕਾਰੀ ਸਕੂਲ |

ਸਮਾਂ : 6ਵੀਂ ਤੋਂ 8ਵੀਂ =30 ਮਿੰਟ(200 ਸ਼ਬਦਾ ਤੱਕ)

9ਵੀਂ ਤੋਂ 12 ਵੀਂ=40 ਮਿੰਟ(300-500 ਸ਼ਬਦਾ ਤੱਕ)

1) ਮੌਲਿਕ-ਲਿਖਤ ਲਈ ਪੱਤਰ ਨਾਲ ਜਾਰੀ ਕੀਤੇ ਹੋਏ ਵਿਸ਼ਿਆਂ ਉੱਪਰ ਵਿਦਿਆਰਥੀ ਨੂੰ ਲਿਖਤ ਲਈ ਕਿਹਾ ਜਾ ਸਕਦਾ ਹੈ।
2) ਮੌਲਿਕ-ਲਿਖਤ ਵਿਦਿਆਰਥੀ ਦੀ ਸਿਰਜਨਾਤਮਕ ਕਲਪਨਾ ਮੁਤਾਬਿਕ ਕਵਿਤਾ, ਕਹਾਣੀ, ਵਾਰਤਕ, ਸੰਵਾਦ, ਯਾਤਰਾ ਆਦਿ ਸਾਹਿਤ ਦੀ ਕੋਈ ਵੀ ਵਿਧਾ ਹੋ ਸਕਦੀ ਹੈ।
3) ਮੌਲਿਕ-ਲਿਖਤ ਲਈ 6ਵੀ. ਤੋਂ 8ਵੀਂ ਤੱਕ ਨੂੰ 30 ਮਿੰਟ ਦਾ ਸਮਾਂ ਦਿੱਤਾ ਜਾਵੇਗਾ ਅਤੇ ਇਹ ਲਿਖਤ ਵੱਧ ਤੋਂ ਵੱਧ 200 ਸ਼ਬਦਾਂ ਤੱਕ ਹੀ ਹੋਣੀ ਚਾਹੀਦੀ ਹੈ।
4) 9ਵੀ ਤੋਂ 12 ਵੀਂ ਤੱਕ 40 ਮਿੰਟ ਦਾ ਸਮਾਂ ਦਿੱਤਾ ਜਾਵੇਗਾ। ਇਹ ਲਿਖਤ ਵੱਧ ਤੋਂ ਵੱਧ 300-500 ਸ਼ਬਦਾਂ ਤੱਕ ਹੀ ਹੋਣੀ ਚਾਹੀਦੀ ਹੈ।
5) ਵਿਦਿਆਰਥੀ ਪੈੱਨ, ਕਾਗਜ਼, ਗੱਤਾ ਆਦਿ ਸਮੱਗਰੀ ਆਪਣੇ ਨਾਲ ਲੈ ਕੇ ਆਉਣਗੇ।
6) ਵਿਦਿਆਰਥੀਆਂ ਨੂੰ ਮੌਕੇ 'ਤੇ ਦੱਸੇ ਤਿੰਨ ਵਿਸ਼ਿਆਂ ਵਿੱਚੋਂ ਕਿਸੇ ਇੱਕ ਤੇ ਮੌਲਿਕ ਲਿਖਤ ਲਿਖਣੀ ਹੋਵੇਗੀ।
7) ਹਰ ਪੱਧਰ 'ਤੇ ਪ੍ਰਾਪਤ ਲਿਖਤਾਂ ਸਕੂਲ ਦੀ ਮਲਕੀਅਤ ਹੋਣਗੀਆਂ ਅਤੇ ਲੋੜ ਅਨੁਸਾਰ ਇਹਨਾਂ ਲਿਖਤਾਂ ਨੂੰ ਸਕੂਲ ਮੁੱਖੀ ਆਪਣੇ ਸਕੂਲ ਮੈਗਜ਼ੀਨਾਂ ਵਿੱਚ ਛਾਪ ਸਕਦਾ ਹੈ।
8) ਵਿਦਿਆਰਥੀ ਦੇ ਮੌਲਿਕ-ਲਿਖਤ ਅਤੇ ਬੋਲ-ਲਿਖਤ ਮੁਕਾਬਲੇ ਦਾ ਮੁਲਾਂਕਣ ਪੰਜਾਬੀ ਅਧਿਆਪਕ ਦੀ ਦੇਖ-ਰੇਖ ਵਿੱਚ ਬਾਕੀ ਭਾਸ਼ਾਵਾਂ ਦੇ ਅਧਿਆਪਕਾਂ ਦੀ ਮਦਦ ਨਾਲ ਕੀਤਾ ਜਾਵੇ।

9) ਹਰੇਕ ਜਮਾਤ ਵਿੱਚ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਕੂਲ ਮੁਖੀ ਦੁਆਰਾ ਪ੍ਰੋਤਸਾਹਿਤ ਕੀਤਾ ਜਾਵੇ ਅਤੇ ਜੇਤੂ ਵਿਦਿਆਰਥੀਆਂ ਦੀ ਮੌਲਿਕ-ਲਿਖਤ ਦਾ ਨਮੂਨਾ ਸੂਚਨਾ ਬੋਰਡ 'ਤੇ ਪ੍ਰਦਰਸ਼ਿਤ ਕੀਤਾ ਜਾਵੇ ਅਤੇ ਪਹਿਲੀ ਪੁਜ਼ੀਸ਼ਨ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਦੇ ਨਾਮ ਸਬੰਧਿਤ ਬੀ.ਐਮ (ਗਣਿਤ) ਨੂੰ ਨੋਟ ਕਰਵਾਏ ਜਾਣ।

ਬੋਲ-ਲਿਖਤ ਮੁਕਾਬਲਾ -

1) ਇਸੇ ਤਰ੍ਹਾਂ ਬੋਲ-ਲਿਖਤ, ਪੰਜਾਬੀ ਪੜ੍ਹਾਉਣ ਵਾਲੇ ਅਧਿਆਪਕ ਆਪਣੀਆਂ ਜਮਾਤਾਂ ਵਿੱਚ ਟ੍ਰੇਨਿੰਗ ਮਡਿਊਲ ਵਿੱਚ 3000 ਸ਼ਬਦਾਂ ਦੇ ਭੰਡਾਰ ਜੋ ਕਿ ਉਹਨਾਂ ਦੀ ਪਾਠ-ਪੁਸਤਕਾਂ ਤੋਂ ਹੀ ਲਏ ਗਏ ਹਨ ਅਤੇ ਵਿਭਾਗ ਵੱਲੋਂ ਭੇਜੇ ਜਾ ਰਹੇ ਰੋਜਾਨਾ ਪੰਜਾਬੀ ਸ਼ਬਦਾਂ ਵਿੱਚੋਂ ਕਰਵਾ ਸਕਦੇ ਹਨ।

2) ਇਸ ਲਈ ਘੱਟੋ-ਘੱਟ 30 ਸ਼ਬਦਾਂ ਦੀ ਚੋਣ ਕੀਤੀ ਜਾਵੇ।ਸਮਾਂ 10 ਮਿੰਟ ਹੋਵੇਗਾ ਇੱਕ ਸ਼ਬਦ 2 ਵਾਰ ਬੋਲਿਆ ਜਾਵੇਗਾ ਅਤੇ ਕੁੱਲ 30 ਸ਼ਬਦਾਂ ਦਾ ਉਚਾਰਣ ਕੀਤਾ ਜਾਵੇ .ਇੱਕ ਮਿੰਟ ਦੇ ਸ਼ਮੇਂ ਵਿੱਚ 3 ਤੋਂ ਵੱਧ ਸ਼ਬਦਾਂ ਦਾ ਉਚਾਰਨ ਨਹੀਂ ਹੋਣਾ ਚਾਹੀਦਾ।

ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਇਹ ਯਕੀਨੀ ਬਣਾਉਣ ਕਿ ਸਾਰੇ ਸਕੂਲਾਂ ਵਿੱਚ ਮੌਲਿਕ-ਲਿਖਤ ਲਈ ਛੇਵੀਂ ਤੋਂ ਦੱਸਵੀਂ ਜਮਾਤ ਦੇ ਸਾਰੇ ਵਿਦਿਆਰਥੀ ਅਤੇ ਬੋਲ-ਲਿਖਤ ਲਈ ਛੇਵੀਂ ਤੋਂ ਅੱਠਵੀਂ ਜਮਾਤਾਂ ਦੇ ਸਾਰੇ ਵਿਦਿਆਰਥੀ ਇਸ ਮੁਕਾਬਲੇ ਵਿੱਚ ਭਾਗ ਲੈਣ ਅਤੇ ਇਸ ਮੁਕਾਬਲੇ ਦੇ ਆਧਾਰ ਤੇ ਵਿਦਿਆਰਥੀਆਂ ਦੇ CCE ਮੁਲਾਂਕਣ ਵੇਲੇ ਅੰਕ ਦਿੱਤੇ ਜਾਣਗੇ।ਪਹਿਲੀਆਂ ਤਿੰਨ ਪੁਜਿਸਨਾਂ ਹਾਸਿਲ ਕਰਨ ਵਾਲੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਜਾਣ।

ਅਨੁਲੱਗ-ਅ

**Topics:**

1) **Nutritional value of food-bad effects of Junk food**
2) **Health and Hygiene**
3) **Climate Change and Biodiversity**
4) **Environmental issues**
5) **Water conservation**
6) **Energy conservation**
7) **Best use of waste materials-concept of recycling.**
8) **Role of Mathematics in daily life.**
9) **Gender Sensitivity**

ਉਕਤ ਲਿਸਟ ਵਿੱਚ ਦਰਜ ਅਨੁਸਾਰ ਵਿਸ਼ਿਆਂ ਤੇ ਅਧਾਰਿਤ ਜਮਾਤ ਵਾਰ ਵਿਦਿਆਰਥੀਆਂ ਤੋਂ ਮਾਡਲ/ਚਾਰਟ ਤਿਆਰ ਕਰਵਾ ਕੇ 21 ਨਵੰਬਰ ਨੂੰ ਇਸ ਵਿਸ਼ੇ ਤੇ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਜਾਵੇ। ਇਸ ਸਬੰਧੀ ਵਿਦਿਆਥੀਆਂ ਨੂੰ ਪਹਿਲਾਂ ਤੋਂ ਹੀ ਤਿਆਰੀ ਕਰਨ ਲਈ ਅਧਿਆਪਕ ਦੁਆਰਾ ਪ੍ਰੇਰਿਤ ਕੀਤਾ ਜਾਵੇ ਅਤੇ ਵਧੀਆ ਮਾਡਲ/ਚਾਰਟ ਤਿਆਰ ਕਰਨ ਵਾਲੇ ਵਿਦਿਆਰਥੀਆਂ ਨੂੰ ਜੇਤੂ ਘੋਸ਼ਿਤ ਕੀਤਾ ਜਾਵੇ।

ਅਨੁਲੱਗ-ੲ

**COMPREHENSIVE ACHIEVEMENT TEST (CAT) ਸੰਬੰਧੀ ਦਿਸ਼ਾ ਨਿਰਦੇਸ਼:**

1) ਇਹ ਪੇਪਰ 120 Multiple Choice Questions ਤੇ ਅਧਾਰਿਤ ਹੋਵੇਗਾ।
2) ਪੇਪਰ ਦਾ ਸਮਾਂ 02 ਘੰਟੇ ਹੋਵੇਗਾ।
3) 6ਵੀਂ ਤੋਂ 10ਵੀਂ ਤੱਕ ਦੇ ਵਿਦਿਆਰਥੀਆਂ ਲਈ ਪੇਪਰ ਵਿੱਚ ਉਡਾਣ ਦੇ 40 ਪ੍ਰਸ਼ਨ ਬਾਕੀ 80 ਪ੍ਰਸ਼ਨਾਂ ਵਿਚੋਂ ਸਮਾਜਿਕ ਸਿੱਖਿਆ ਅੰਗ੍ਰੇਜੀ, ਮੈਥ ਅਤੇ ਸਾਇੰਸ ਵਿਸਿਆਂ ਦੇ 20-20 ਪ੍ਰਸ਼ਨ ਸ਼ਾਮਿਲ ਹੋਣਗੇ।
4) 11ਵੀਂ ਅਤੇ 12ਵੀਂ ਦੇ ਵਿਦਿਆਰਥੀਆਂ ਲਈ ਪੇਪਰ ਦੇ ਦੋ ਭਾਗ ਹੋਣਗੇ। ਭਾਗ 1 ਵਿੱਚ ਉਡਾਣ ਦੇ ਆਧਾਰਿਤ 40 ਪ੍ਰਸ਼ਨ ਹੋਣਗੇ ਅਤੇ ਲਾਜ਼ਮੀ ਅੰਗ੍ਰੇਜ਼ੀ ਅਤੇ ਲਾਜ਼ਮੀ ਪੰਜਾਬੀ ਵਿਸ਼ੇ ਦੇ 20-20 ਪ੍ਰਸ਼ਨ ਸ਼ਾਮਿਲ ਹੋਣਗੇ। ਭਾਗ 2 ਵਿੱਚ ਬਾਕੀ 40 ਪ੍ਰਸ਼ਨ ਹੋਣਗੇ ਜਿਨ੍ਹਾ ਵਿੱਚ 20-20 ਪ੍ਰਸ਼ਨ ਹਿਸਟਰੀ, ਪੋਲ ਸਾਇੰਸ, ਇਕਨਾਮਿਕਸ, ਜੋਂਗਰਫੀ, ਮੈਥ ,

ਫਿਜਿਕਸ, ਕਮਿਸਟਰੀ, ਬਾਇਓਲੌਜੀ, ਅਕਾਉਂਟੈਂਸੀ, ਬਿਜਨਸ ਸਟੱਡੀ, Business Economics and Quantitave Method ਵਿਚੋ ਹੋਣਗੇ। ਹਰੇਕ ਵਿਦਿਆਰਥੀ ਇਹਨਾਂ ਵਿਸ਼ਿਆਂ ਵਿਚੋ ਕੋਈ 02 ਵਿਸ਼ੇ ਚੁਣਕੇ 40 ਪ੍ਰਸ਼ਨ ਹੱਲ ਕਰ ਸਕਣ ਦੀ ਛੋਟ ਹੋਵੇਗੀ।

5) ਹਰੇਕ ਸਕੂਲ ਵਿਚੋਂ ਜਮਾਤ ਵਾਈਜ ਟੋਪਰ ਵਿਦਿਆਰਥੀ ਜਿਲ੍ਹਾ ਪੱਧਰੀ ਪ੍ਰੀਖਿਆ ਵਿੱਚ ਭਾਗ ਲੈਣਗੇ। ਭਾਵ ਸੀਨੀਅਰ ਸੈਕੰਡਰੀ ਸਕੂਲਾਂ ਦੇ 7,ਹਾਈ ਸਕੂਲਾਂ ਦੇ 5 ਅਤੇ ਮਿਡਲ ਸਕੂਲਾਂ ਦੇ 3 ਵਿਦਿਆਰਥੀ[ਜਿਲ੍ਹਾ ਪੱਧਰੀ ਪ੍ਰੀਖਿਆ ਦਾ ਆਯੋਜਨ 28 ਨਵੰਬਰ ਨੂੰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਅਤੇ ਡੀ.ਐਮ/ਬੀ.ਐਮ ਐਸ.ਐਸ ਅੰਗ੍ਰੇਜ਼ੀ ਦੀ ਦੇਖ-ਰੇਖ ਵਿੱਚ ਬਲਾਕ ਪੱਧਰ ਤੇ ਬਣਾਏ ਪ੍ਰੀਖਿਆ ਕੇਂਦਰਾਂ ਵਿੱਚ ਆਯੋਜਿਤ ਕੀਤੀ ਜਾਣੀ ਹੈ।

6) ਜਿਲ੍ਹਾ ਪੱਧਰ ਤੇ ਰਿਜਲਟ ਇੱਕਠਾ ਕਰਨ ਤੋ ਬਾਅਦ ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ ਦੀ ਅਗਵਾਈ ਵਿੱਚ ਰਾਜ ਪੱਧਰੀ ਪ੍ਰੀਖਿਆ ਮਿਤੀ 3 ਦਸੰਬਰ ਨੂੰ ਆਯੋਜਿਤ ਕੀਤੀ ਜਾਵੇਗੀ। ਜਿਸ ਲਈ ਹਰੇਕ ਜਿਲ੍ਹੇ ਵਿੱਚੋਂ ਜਮਾਤ ਵਾਈਜ ਟੋਪਰ ਵਿਦਿਆਰਥੀਆਂ ਭਾਵ ਹਰ ਜਿਲ੍ਹੇ ਵਿਚੋਂ 7 ਵਿਦਿਆਰਥੀਆਂ ਰਾਜ ਪੱਧਰੀ ਪ੍ਰੀਖਿਆ ਵਿੱਚ ਭਾਗ ਲੈਣਗੇ।

7) ਜਿਲ੍ਹਾ ਪੱਧਰ ਤੇ ਰਾਜ ਪੱਧਰ ਦੇ ਜੇਤੂ ਵਿਦਿਆਰਥੀਆਂ ਨੂੰ ਨਕਦ ਇਨਾਮ ਦਿੱਤੇ ਜਾਣਗੇ।

ਉਕਤ ਤੋਂ ਇਲਾਵਾ ਬਾਕੀ ਵਿਦਿਅਕ ਮੁਕਾਬਲਿਆ ਦਾ ਪੱਧਰ ਕੇਵਲ ਸਕੂਲ ਹੀ ਹੋਵੇਗਾ ਜਿਸ ਵਿੱਚ ਵਿਦਿਆਰਥੀਆ ਨੂ ਵੱਧ ਤੋਂ ਵੱਧ ਭਾਗ ਲੈਣ ਲਈ ਉਤਸ਼ਾਹਿਤ ਕੀਤਾ ਜਾਵੇ,ਇਹਨਾਂ ਮੁਕਾਬਲਿਆ ਦੀਆ ਮੁਢਲੀਆ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:

**ਅਨੁਲੱਗ-ਸ**

ਸਾਇੰਸ ਅਤੇ ਮੈਥ ਦੇ ਬੀ.ਐਮ ਦੁਆਰਾ ਹਰ ਸਕੂਲ ਨੂੰ 10-10 ਪ੍ਰਸ਼ਨ (ਕੁੱਲ 20 ਪ੍ਰਸ਼ਨ) ਜਮਾਤਵਾਰ ਮੁਹੱਈਆ ਕਰਵਾਏ ਜਾਣਗੇ ਜਿਸ ਦੇ ਆਧਾਰ ਤੇ ਸਾਇੰਸ ਅਤੇ ਮੈਥ ਵਿਸਿਆਂ ਦੇ ਅਧਿਆਪਕਾਂ ਦੁਆਰਾ ਸਾਂਝੇ ਤੌਰ ਤੇ ਸਕੂਲ ਪੱਧਰ ਤੇ ਕੁਇਜ ਦਾ ਸੰਚਾਲਨ ਕੀਤਾ ਜਾਵੇ ਅਤੇ ਹਰ ਜਮਾਤ ਵਿਚੋਂ ਪਹਿਲਾਂ ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਉਤਸ਼ਾਹਿਤ ਕੀਤਾ ਜਾਵੇ।

**ਪੰਜਾਬੀ ਇਕਾਂਗੀ**

ਪੰਜਾਬੀ ਦੇ ਸਿਲੇਬਸ ਤੇ ਆਧਾਰਿਤ ਇਕਾਗੀਂ ਵਿੱਚੋਂ ਤਿਆਰ ਇਕਾਂਗੀ ਦਾ ਮੰਚਨ ਕੀਤਾ ਜਾਵੇ। ਇਸ ਵਿਚ 6ਵੀਂ ਤੋਂ 12ਵੀਂ ਤੱਕ ਦੇ ਵਿਦਿਆਰਥੀ ਭਾਗ ਲੈ ਸਕਦੇ ਹਨ।

**ਅਨੁਲੱਗ -ਹ**

## ਅੰਗਰੇਜ਼ੀ/ਸਮਾਜਿਕ ਸਿੱਖਿਆ ਵਿਸ਼ੇ ਦੇ ਮੁਕਾਬਲਿਆਂ ਲਈ ਦਿਸ਼ਾ ਨਿਰਦੇਸ਼:

ਪੰਜਾਬ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਛੇਵੀਂ ਤੋਂ ਬਾਰਵੀਂ ਜਮਾਤਾਂ ਦੇ ਵਿਦਿਆਰਥੀਆਂ ਲਈ ਅੰਗਰੇਜ਼ੀ ਵਿਸ਼ੇ ਦੇ Dictation Word, Handwriting ਅਤੇ SST ਦੇ Map ਮੁਕਾਬਲੇ ਕਰਵਾਏ ਜਾਣਗੇ। ਇਹ ਮੁਕਾਬਲੇ ਜਮਾਤ ਵਾਈਜ਼ ਨਿਰਧਾਰਿਤ ਸਮੇਂ ਦੌਰਾਨ ਮੁਕੰਮਲ ਕਰ ਲਏ ਜਾਣ।

1) **Dictation of Words** ਮੁਕਾਬਲੇ ਵਿੱਚ ਹੁਣ ਤੱਕ ਭੇਜੇ ਗਏ ਅੰਗਰੇਜ਼ੀ Word of the Day ਵਿਚੋਂ ਅਧਿਆਪਕ ਦੁਆਰਾ 20 Words Dictate ਕੀਤੇ ਜਾਣਗੇ। ਇਸ ਲਈ ਘੱਟੋ-ਘੱਟ 20 ਸ਼ਬਦਾਂ ਦੀ ਚੋਣ ਕੀਤੀ ਜਾਵੇ। ਸਮਾਂ 10 ਮਿੰਟ ਹੋਵੇਗਾ। ਇੱਕ ਸ਼ਬਦ 2 ਵਾਰ ਬੋਲਿਆ ਜਾਵੇਗਾ ਅਤੇ ਕੁੱਲ 20 ਸ਼ਬਦਾਂ ਦਾ ਉਚਾਰਣ ਕੀਤਾ ਜਾਵੇ .ਇੱਕ ਮਿੰਟ ਦੇ ਸ਼ਮੇਂ ਵਿੱਚ 3 ਤੋਂ ਵੱਧ ਸ਼ਬਦਾਂ ਦਾ ਉਚਾਰਨ ਨਹੀਂ ਹੋਣਾ ਚਾਹੀਦਾ।
2) ਜਮਾਤ ਦੇ ਸਾਰੇ ਵਿਦਿਆਰਥੀ ਆਪਣੀਆਂ ਕਾਪੀਆਂ ਵਿੱਚ ਇਹਨਾਂ ਸ਼ਬਦਾਂ ਦੇ ਸਹੀ Spellings ਲਿਖਣਗੇ। ਸਭ ਤੋਂ ਜ਼ਿਆਦਾ ਸ਼ਬਦਾਂ ਦੇ ਸਹੀ Spellings ਜਵਾਬ ਲਿਖਣ ਵਾਲੇ ਵਿਦਿਆਰਥੀ ਨੂੰ ਜੇਤੂ ਕਰਾਰ ਦਿੱਤਾ ਜਾਵੇ।
3) **Handwriting competition (50 word paragarph)** ਵਿੱਚ ਜਮਾਤਵਾਰ ਸਾਰੇ ਵਿਦਿਆਰਥੀ ਭਾਗ ਲੈਣਗੇ।
4) SST ਦੇ Map ਮੁਕਾਬਲੇ ਵੀ ਜਮਾਤਵਾਰ ਸਿਲੇਬਸ ਵਿੱਚ ਸ਼ਾਮਿਲ ਨਕਸ਼ਿਆ ਤੇ ਆਧਾਰਿਤ ਹੋਵੇਗਾ। ਜਿਸ ਲਈ ਮੌਕੇ ਤੇ ਨਕਸ਼ੇ ਵਿਦਿਆਰਥੀਆਂ ਨੂੰ ਮੁਹੱਈਆ ਕਰਵਾਏ ਜਾਣ। ਇਸ ਗਤੀਵਿਧੀ ਲਈ ਸਮਾਂ 10 ਮਿੰਟ ਹੋਵੇਗਾ।

ਉਕਤ ਮੁਕਾਬਲੇ ਜਿਲਾ ਸਿਖਿਆ ਅਫਸਰ (ਸੈਸਿ), DIET ਪ੍ਰਿੰਸੀਪਲ ਦੀ ਅਗਵਾਈ ਅਤੇ ਦੇਖ ਰੇਖ ਵਿੱਚ ਮੁਕੰਮਲ ਕੀਤੇ ਜਾਣੇ ਹਨ ਸੋ ਇਸ ਸੰਬੰਧੀ ਸੁਚਾਰੂ ਤਿਆਰੀ ਕਰ ਲਈ ਜਾਵੇ। ਇਹਨਾਂ ਮਕਾਬਲਿਆ ਸੰਬੰਧੀ ਕਿਸੇ ਕਿਸ਼ਮ ਦੀ ਅਗਵਾਈ ਲੈਣ ਹਿੱਤ DM/BMs ਨਾਲ ਸੰਪਰਕ ਕੀਤਾ ਜਾ ਸਕਦਾ ਹੈ।

------0-------